ਅਨੁਲੱਗ-ੳ

**ਸੰਖੇਪ ਨੋਟ: ਸੀ-ਪਾਈਟ**

**ਮਹਿਕਮੇ ਦਾ ਪਿਛੋਕੜ- ਸੰਖੇਪ ਭੂਮਿਕਾ :-**

1. ਪੰਜਾਬ ਦੇ ਯੁਵਕਾਂ ਦਾ ਸਿਖਲਾਈ ਤੇ ਰੋਜਗਾਰ ਕੇਂਦਰ (ਸੀ-ਪਾਈਟ) ਸੰਸਥਾਂ ਪੰਜਾਬ ਦੇ ਉਹਨਾਂ ਸੁਲਝੇ ਨੇਤਾਵਾਂ ਦੀ ਕਾਢ ਹੈ, ਜਿਹਨਾਂ ਨੇ ਯੁਵਕਾਂ ਦੀ ਇਮਾਨਦਾਰੀ ਸੁਰੱਖਿਅਤ ਰੱਖਣ ਅਤੇ ਉਹਨਾਂ ਨੂੰ ਬੁਰੇ ਅਨਸਰਾਂ ਤੋ ਜੋ ਪੰਜਾਬ ਦੇ ਨਿਰਾਸ ਬੇ-ਰੋਜਗਾਰ ਯੁਵਕਾਂ ਤੋ ਲਾਭ ਪ੍ਰਾਪਤ ਕਰਦੇ ਹਨ, ਦੇ ਝਾਂਸੇ ਤੋਂ ਲਾਂਭੇ ਰੱਖਣ ਹਿੱਤ ਆਪਣੇ ਆਪ ਨੂੰ ਅਰਪਨ ਕੀਤਾ। ਪਜਾਬ ਦੇ ਯੁਵਕਾਂ ਦਾ ਸਿਖਲਾਈ ਤੇ ਰੋਜਗਾਰ ਕੇਂਦਰ (ਸੀ-ਪਾਈਟ) ਦਾ ਰਸਮੀ ਤੌਰ ਤੇ ਅਗਸਤ 1990 ਵਿੱਚ ਲੋਪੋਕੇ (ਅੰਮ੍ਰਿਤਸਰ) ਵਿੱਖੇ ਉਦਘਾਟਨ ਕੀਤਾ ਗਿਆ। ਯਕੀਨਨ ਇਹ ਇਕ ਅਦੁੱਤੀ ਸੰਸਥਾਂ ਹੈ ਜੋ ਕਿ ਸਵੈ-ਅਨੁਸਾਸਨ, ਕੋਮੀ ਏਕਤਾ, ਧਰਮ ਨਿਰਪੱਖਤਾ ਤੇ ਕਿਰਤ ਦੀ ਮਹੱਤਤਾ ਦੀ ਭਾਵਨਾ ਪੈਦਾ ਕਰਨ ਤੋ ਇਲਾਵਾ ਤਕਨੀਕੀ ਕਿੱਤਿਆਂ ਵਿੱਚ ਸਿਖਲਾਈ ਦੇ ਕੇ ਯੁਵਕਾਂ ਨੂੰ ਵੱਖ-ਵੱਖ ਖੇਤਰਾ ਵਿੱਚ ਵਧੇਰੇ ਸਵੈ-ਰੋਜਗਾਰ ਯੋਗ ਬਣਾਉਦੀ ਹੈ ਤਾ ਜੋ ਇਹਨਾ ਯੁਵਕਾਂ ਵਿੱਚ ਵੇਤਨ ਵਾਲੇ ਰੋਜਗਾਰ ਪ੍ਰਤੀ ਝੁਕਾਓ ਨੂੰ ਘੱਟ ਕੀਤਾ ਜਾ ਸਕੇ। ਇਸ ਸਕੀਮ ਤਹਿਤ ਪੈਂਡੂ ਖੇਤਰਾਂ ਦੇ ਗਰੀਬ ਅਤੇ ਅਨੁਸੂਚਿਤ ਵਰਗ ਦੇ ਬੇ-ਰੋਜਗਾਰ ਯੁਵਕ ਸਭ ਤੋ ਵਧੇਰੇ ਲਾਭ ਪ੍ਰਾਪਤ ਕਰਦੇ ਹਨ, ਜਿਹਨਾਂ ਨੂੰ ਫੋਜ ਤੇ ਨੀਮ ਫੋਜੀ ਬਲਾਂ ਵਿੱਚ ਭਰਤੀ ਕਰਨ ਹਿੱਤ ਪੂਰਵ ਚੋਣ ਸਿਖਲਾਈ ਦਿੱਤੀ ਜਾਦੀ ਹੈ। ਇਸ ਤੋ ਇਲਾਵਾ ਇਹਨਾਂ ਯੁਵਕਾਂ ਨੂੰ ਉਦਯੋਗਿਕ ਇਕਾਈਆਂ ਵਿੱਚ ਸਮਾਉਣ ਲਈ ਵੱਖ-ਵੱਖ ਤਕਨੀਕੀ ਸਿਖਲਾਈ ਸੰਸਥਾਵਾਂ ਵਿੱਚ ਵੱਖ-ਵੱਖ ਕਿੱਤਿਆਂ ਵਿੱਚ ਸਿਖਲਾਈ ਦਿੱਤੀ ਜਾਦੀ ਹੈ ਤਾਂ ਜੋ ਇਹਨਾਂ ਦੇ ਹੁਨਰ ਵਿੱਚ ਵਾਧਾ ਕਰਕੇ ਸਵੈਂ-ਰੋਜਗਾਰ ਦੇ ਯੋਗ ਬਣਾਇਆ ਜਾ ਸਕੇ।

**ਮੰਤਵ ਅਤੇ ਉਦੇਸ :-**

2. ਪੰਜਾਬ ਦੇ ਯੁਵਕਾਂ ਦਾ ਸਿਖਲਾਈ ਤੇ ਰੋਜਗਾਰ ਕੇਂਦਰ (ਸੀ-ਪਾਈਟ) ਸੰਸਥਾਂ ਦੀ ਸਥਾਪਨਾਂ ਹੇਠ ਲਿਖੇ ਮੰਤਵਾਂ ਅਤੇ ਉਦੇਸਾਂ ਲਈ ਕੀਤੀ ਗਈ:-

(ੳ) ਪੰਜਾਬ ਦੇ ਯੁਵਕਾਂ ਨੂੰ ਪ੍ਰੀ-ਰਿਕਰੂਟਮੈਟ ਟ੍ਰੇਨਿੰਗ ਦੇ ਕੇ ਉਨਾਂ ਨੂੰ ਭਾਰਤੀ ਰੱਖਿਆਂ ਸੇਵਾਵਾਂ (ਡੀਫੈਂਸ ਫੋਰਸਜ), ਪੈਰਾਮਿਲਟਰੀ ਫੋਰਸਜ, ਪੁਲਿਸ ਆਦਿ ਵਿੱਚ ਭਰਤੀ ਹੋਣ ਦੇ ਯੋਗ ਬਣਾਉਣਾ ਮੁੱਖ ਮੰਤਵ ਹਨ।

(ਅ) ਯੁਵਕਾਂ ਨੂੰ ਅਨੁਕੂਲ ਸਿਖਲਾਈ ਦੇ ਕੇ ਅਤੇ ਉਹਨਾਂ ਦੇ ਹੁਨਰ ਵਿੱਚ ਵਾਧਾ ਕਰਕੇ ਆਰਥਿਕ ਲਾਹੇਵੰਦ ਰੋਜਗਾਰ ਉਪਲਬੰਧ ਕਰਾਉਣਾ ਅਤੇ ਯੋਗ ਧੰਦਿਆਂ ਵਿੱਚ ਸਿਖਲਾਈ ਦੇ ਕੇ ਵਧੇਰੇ ਰੋਜਗਾਰ ਯੋਗ ਬਣਾਉਣਾ।

(ੲ) ਯੁਵਕਾਂ ਵਿੱਚ ਕੋਮੀ ਏਕਤਾ ਦੀ ਕਦਰ ਅਨੁਸਾਸਨ, ਕਿਰਤ ਦੀ ਮਹੱਤਤਾ, ਕਿਰਤ ਸੱਭਿਆਚਾਰ ਅਤੇ ਯੁਵਕਾਂ ਵਿੱਚ ਸਮਾਜਿਕ ਚੇਤਨਾ ਲਈ ਢੁਕਵਾਂ ਵਾਤਾਵਰਨ ਤਿਆਰ ਕਰਕੇ ਉਹਨਾਂ ਨੂੰ ਚੰਗੇ ਨਾਗਰਿਕ ਬਣਾਉਣਾ।

(ਹ) ਯੁਵਕਾਂ ਨੂੰ ਗੈਰ-ਕਾਨੂੰਨੀ ਅਤੇ ਵਰਜਿਤ ਸਰਗਰਮੀਆਂ ਤੋ ਲਾਭੇ ਰੱਖਣਾ ਅਤੇ ਉਹਨਾਂ ਨੂੰ ਕੋਮੀ ਧਾਰਾ ਵਿੱਚ ਲਿਆਉਣਾ।